ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

ਅਯੋਗਤਾ ‘ਤੇ ਆਧਾਰਿਤ ਵਿਵਾਦਾਂ ਦਾ ਹੱਲ ਕਰਨਾ

ਅਯੋਗਤਾ ਨਾਲ ਸੰਬੰਧਿਤ ਨਫ਼ਰਤ ਕਾਰਨ ਹੋਣ ਵਾਲੇ ਅਪਰਾਧਾਂ ਨੂੰ ਰੋਕਣ ਅਤੇ ਪ੍ਰਤੀਕਿਰਿਆ ਦੇਣ ਲਈ ਭਾਈਚਾਰੇ ਦੀ ਸਹਾਇਤਾ ਲਈ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (United States Department of Justice Community Relations Service) (ਸੀ.ਆਰ.ਐਸ.) (CRS) ਭਾਈਚਾਰਿਆਂ ਨੂੰ ਅਸਲ ਜਾਂ ਸਮਝੀਆਂ ਅਯੋਗਤਾਵਾਂ ਦੇ ਆਧਾਰ ‘ਤੇ ਨਫ਼ਰਤ ਕਾਰਨ ਹੋਣ ਵਾਲੇ ਅਪਰਾਧਾਂ ਅਤੇ ਤਣਾਅ ਦਾ ਹੱਲ ਕਰਨ ਅਤੇ ਉਹਨਾਂ ਨੂੰ ਰੋਕਣ ਵਿੱਚ ਸਹਾਇਤਾ ਕਰਦਾ ਹੈ। ਸੀ.ਆਰ.ਐਸ. (CRS) ਕਨੂੰਨ ਅਮਲੀਕਰਨ ਸੰਸਥਾਵਾਂ, ਸਥਾਨਕ ਅਤੇ ਰਾਜ ਅਧਿਕਾਰੀਆਂ, ਭਾਈਚਾਰਾ ਸਮੂਹਾਂ, ਨਾਗਰਿਕ ਅਧਿਕਾਰ ਸੰਸਥਾਵਾਂ, ਅਯੋਗਤਾ ਅਧਿਕਾਰ ਸੰਸਥਾਵਾਂ, ਵਿਦਿਅਕ ਸੰਸਥਾਵਾਂ, ਅਤੇ ਹੋਰਾਂ ਨਾਲ ਮਿਲ ਕੇ ਕੰਮ ਕਰਦਾ ਹੈ ਤਾਂ ਕਿ ਉਹਨਾਂ ਵਿਵਾਦਾਂ, ਜਿਨ੍ਹਾਂ ਵਿੱਚ ਅਯੋਗਤਾ ਦੇ ਆਧਾਰ ‘ਤੇ ਹੋਣ ਵਾਲੇ ਵਿਵਾਦ ਵੀ ਸ਼ਾਮਲ ਹਨ, ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਇੱਕ ਸਾਂਝੀ ਸਮਝ ਬਣਾਈ ਜਾ ਸਕੇ, ਅਤੇ ਭਵਿੱਖ ਵਿੱਚ ਹੋਣੇ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਲਈ ਪ੍ਰਮਾਣਿਤ ਤਰੀਕੇ ਸਿਰਜੇ ਜਾ ਸਕਣ।

ਪ੍ਰੋਗਰਾਮ ਅਤੇ ਸੇਵਾਵਾਂ

ਗੱਲਬਾਤ ਕਰਨ ਵਿੱਚ ਸਹਾਇਤਾ ਕੀਤੀ। ਭਾਈਚਾਰੇ ਦੇ ਅਯੋਗ ਮੈਂਬਰਾਂ ਵੱਲ ਸੇਧਿਤ ਕਥਿਤ ਨਫ਼ਰਤ ਅਪਰਾਧਾਂ ਅਤੇ ਪੱਖ-ਪਾਤ ਵਾਲੀਆਂ ਘਟਨਾਵਾਂ ਤੋਂ ਪੈਦਾ ਹੋਣ ਵਾਲੇ ਤਣਾਅ ਅਤੇ ਵਿਵਾਦਾਂ ਦੇ ਜਵਾਬ ਵਿੱਚ, ਸੀ.ਆਰ.ਐਸ. (CRS) ਵੱਲੋਂ ਵਿਚਾਰ-ਵਟਾਂਦਰੇ ਸ਼ੁਰੂ ਕਰਨ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਤਾਂ ਕਿ ਸੰਚਾਰ ਸ਼ੁਰੂ ਕੀਤਾ ਜਾ ਸਕੇ ਅਤੇ ਜਾਣਕਾਰੀ ਸਾਂਝਾਕਰਨ ਨੂੰ ਬਿਹਤਰ ਕੀਤਾ ਜਾ ਸਕੇ। ਵਿਵਾਦ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਭਾਗੀਦਾਰਾਂ ਦੀ ਸਮਝ ਨੂੰ ਬਿਹਤਰ ਬਣਾ ਕੇ ਠੋਸ ਹੱਲ ਲੱਭਣ ਦੇ ਟੀਚੇ ਨਾਲ, ਇਨ੍ਹਾਂ ਗੱਲਾਂ-ਬਾਤਾਂ ਨੂੰ ਭਾਈਚਾਰੇ ਅਤੇ ਉਸ ਦੇ ਅਯੋਗ ਮੈਂਬਰਾਂ ਨੂੰ ਪ੍ਰਭਾਵਿਤ ਕਰ ਰਹੀਆਂ ਵਿਲੱਖਣ ਸਮੱਸਿਆਵਾਂ ਦੇ ਅਨੁਕੂਲ ਕਰਨ ਲਈ ਵਿਉਂਤਬੱਧ ਕੀਤਾ ਜਾ ਸਕਦਾ ਹੈ।

ਵਿਚੋਲਗੀ। ਸੀ.ਆਰ.ਐਸ. (CRS) ਵੱਲੋਂ ਉਹਨਾਂ ਭਾਈਚਾਰਿਆਂ ਅਤੇ ਹਿੱਸੇਦਾਰਾਂ ਲਈ ਇੱਕ ਸਵੈਇੱਛਤ ਅਤੇ ਗੁਪਤ ਪ੍ਰਕਿਰਿਆ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜੋ ਪੱਖ-ਪਾਤ ਵਾਲੀਆਂ ਘਟਨਾਵਾਂ ਅਤੇ ਅਯੋਗਤਾ-ਆਧਾਰਿਤ ਨਫ਼ਰਤ ਅਪਰਾਧਾਂ ਨਾਲ ਸੰਬੰਧਿਤ ਵਿਵਾਦ ਜਾਂ ਤਣਾਅ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਦੇ ਸਮਝੌਤਾ ਮਾਹਰ ਇੱਕ ਨਿਰਪੱਖ ਅਤੇ ਨਿਆਂਕਾਰੀ ਸਹਾਇਕ ਵਜੋਂ ਕੰਮ ਕਰਦੇ ਹਨ ਤਾਂ ਜੋ ਮਾਮਲੇ ਵਿੱਚ ਸ਼ਾਮਲ ਲੋਕ ਜਾਂ ਸੰਸਥਾਵਾਂ ਇੱਕ ਆਪਸੀ ਸਹਿਮਤੀ ਵਾਲਾ ਹੱਲ ਲੱਭ ਸਕਣ।

ਪੱਖ-ਪਾਤ ਵਾਲੀਆਂ ਘਟਨਾਵਾਂ ਅਤੇ ਨਫ਼ਰਤ ਅਪਰਾਧਾਂ ਸੰਬੰਧੀ ਫੋਰਮ। ਸੀ.ਆਰ.ਐਸ. (CRS) ਵੱਲੋਂ ਅਜਿਹੇ ਫੋਰਮ ਚਲਾਉਣ ਵਿੱਚ ਮਦਦ ਕੀਤੀ ਜਾਂਦੀ ਹੈ ਜੋ ਕਨੂੰਨ ਅਮਲੀਕਰਨ ਸੰਸਥਾਵਾਂ, ਸਰਕਾਰੀ ਏਜੰਸੀਆਂ, ਅਤੇ ਭਾਈਚਾਰਾ-ਆਧਾਰਿਤ ਸੰਸਥਾਵਾਂ ਨੂੰ ਬਿਹਤਰੀਨ ਤਰੀਕੇ ਸਾਂਝਾ ਕਰਨ, ਭਾਈਚਾਰੇ ਦੇ ਮੈਂਬਰਾਂ ਨੂੰ ਨਫ਼ਰਤ ਅਪਰਾਧਾਂ ਸੰਬੰਧੀ ਕਨੂੰਨ ਅਤੇ ਸਰੋਤਾਂ ਬਾਰੇ ਸਿੱਖਿਅਤ ਕਰਨ, ਅਤੇ ਅਯੋਗਤਾ-ਆਧਾਰਿਤ ਨਫ਼ਰਤ ਅਪਰਾਧਾਂ, ਤਣਾਅ, ਅਤੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦੇਣ ਵਿੱਚ ਭਾਈਚਾਰਿਆਂ ਦੀ ਮਦਦ ਕਰਨ ਲਈ ਸੱਦਾ ਦਿੰਦਾ ਹੈ।

ਸਲਾਹ-ਮਸ਼ਵਰਾ। ਸੀ.ਆਰ.ਐਸ. (CRS) ਵੱਲੋਂ ਚੰਗੇ ਰੁਝਾਨ ਅਤੇ ਵਸੀਲੇ ਸਕੂਲਾਂ, ਸਰਕਾਰੀ ਏਜੰਸੀਆਂ, ਕਨੂੰਨ ਅਮਲੀਕਰਨ ਸੰਸਥਾਵਾਂ, ਹਿਮਾਇਤ ਸਮੂਹਾਂ ਅਤੇ ਹੋਰਾਂ ਨਾਲ ਸਾਂਝੇ ਕੀਤਾ ਜਾਂਦੇ ਹਨ ਤਾਂ ਜੋ ਅਯੋਗ ਵਿਅਕਤੀਆਂ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਅੰਤਰਕਿਰਿਆ ਕੀਤੀ ਜਾ ਸਕੇ, ਇਨ੍ਹਾਂ ਭਾਈਚਾਰਿਆਂ ਦੇ ਅੰਦਰ ਸਾਰੇ ਵਿਅਕਤੀਆਂ ਨਾਲ ਰਿਸ਼ਤਿਆਂ ਵਿੱਚ ਸੁਧਾਰ ਕੀਤਾ ਜਾ ਸਕੇ, ਅਤੇ ਵਿਵਿਧਤਾ ਅਤੇ ਸੰਮਿਲਨ ਦਾ ਪ੍ਰਚਾਰ ਕੀਤਾ ਜਾ ਸਕੇ।

ਸੀ.ਆਰ.ਐਸ. (CRS) ਹੇਠ ਲਿਖੇ ਢੰਗਾਂ ਨਾਲ ਅਯੋਗਤਾ ਦੇ ਆਧਾਰ ‘ਤੇ ਟਕਰਾਅ ਜਾਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਦੀ ਮਦਦ ਕਰਦਾ ਹੈ:

ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਅਤੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਰਡ ਜੂਨੀਅਰ ਦੇ ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ 2009, (Matthew Shepard and James Byrd, Jr., Hate Crimes Prevention Act of 2009) ਦੁਆਰਾ ਵਿਸਤਾਰ ਕੀਤਾ, ਸੀ.ਆਰ.ਐਸ. (CRS) ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਮਕਸਦ ਸਥਾਨਕ ਭਾਈਚਾਰਿਆਂ ਨੂੰ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਦੇ ਸਹਿਯੋਗ ਨਾਲ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਸਮੱਸਿਆ ਹੱਲ ਕਰਨ ਦੇ ਤਰੀਕੇ, ਵੱਧੇ ਹੋਏ ਗਿਆਨ, ਅਤੇ ਬਿਹਤਰ ਸੰਚਾਰ ਦੀ ਵਰਤੋਂ ਕਰਦੇ ਹੋਏ ਰੋਕਣ ਲਈ ਅਤੇ ਉਹਨਾਂ ਦਾ ਹੱਲ ਕਰਨ ਲਈ ਹੋਰ ਸਮਰੱਥ ਬਣਾਉਣਾ ਹੈ।

ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੇ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਦਾ ਅਨੁਭਵ ਰੱਖਦੇ ਹਨ।

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ.(CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੂਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ

www.justice.gov/crs

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices